NHS England

Leicestershire Partnership NHS Trust

**A university teaching and research-active Trust**
Bridge Park Plaza
Bridge Park Road
Thurmaston
Leicester
LE4 8PQ

www.leicspart.nhs.uk

ਦਸੰਬਰ 2021

ਪਿਆਰੇ ਕਿਸ਼ੋਰ ਅਤੇ ਮਾਤਾ/ਪਿਤਾ/ਦੇਖਭਾਲਕਰਤਾ,

**COVID-19 ਟੀਕਾਕਰਨ ਪ੍ਰੋਗਰਾਮ - ਸਕੂਲਾਂ ਵਿੱਚ ਪਹਿਲੀ ਅਤੇ ਦੂਜੀ ਖੁਰਾਕ**

12 ਤੋਂ 15 ਸਾਲ ਦੀ ਉਮਰ ਦੇ ਸਾਰੇ ਬੱਚੇ Pfizer-BioNTech COVID-19 ਵੈਕਸੀਨ, Comirnaty ਦੀਆਂ ਦੋ ਖੁਰਾਕਾਂ ਲੈਣ ਦੇ ਯੋਗ ਹਨ। ਵੈਕਸੀਨ ਉਹਨਾਂ ਨੂੰ ਵਾਇਰਸ ਤੋਂ ਬਚਾਉਣ ਅਤੇ ਭਾਈਚਾਰੇ ਅਤੇ ਸਕੂਲ ਵਿੱਚ ਇਸਦੇ ਫੈਲਣ ਨੂੰ ਘਟਾਉਣ ਵਿੱਚ ਮਦਦ ਕਰੇਗੀ।

ਜਿਹੜੇ ਸਿਹਤਮੰਦ ਬੱਚਿਆਂ ਦਾ COVID-19 ਲਈ ਟੈਸਟ ਦਾ ਨਤੀਜਾ ਪਾਜ਼ਿਟਿਵ ਆਇਆ ਹੈ, ਉਨ੍ਹਾਂ ਨੂੰ ਵੈਕਸੀਨ ਲਗਵਾਉਣ ਤੋਂ ਪਹਿਲਾਂ 12 ਹਫ਼ਤੇ ਉਡੀਕ ਕਰਨ ਦੀ ਲੋੜ ਹੈ। ਦੂਜੀ ਖੁਰਾਕ ਕਿਸ਼ੋਰ ਦੀ ਸ਼ੁਰੂਆਤੀ ਪਹਿਲੀ ਖੁਰਾਕ ਤੋਂ 12 ਹਫ਼ਤੇ ਬਾਅਦ ਵੀ ਹੋਣੀ ਚਾਹੀਦੀ ਹੈ।

**ਤੁਹਾਡੇ ਬੱਚੇ ਦੁਆਰਾ ਸਕੂਲ ਵਿੱਚ ਟੀਕਾਕਰਨ ਪ੍ਰਾਪਤ ਕਰਨ ਲਈ:**

1. ਇਸ ਵੈੱਬਸਾਈਟ 'ਤੇ ਜਾਓ: www.leicsandrutlandimms.co.uk
2. ਇਸਦੇ ਨਾਲ ਦਿੱਤੇ "ਇੱਥੇ ਕਲਿੱਕ ਕਰੋ" ਬਟਨ 'ਤੇ ਕਲਿੱਕ ਕਰਕੇ COVID-19 ਨੂੰ ਚੁਣੋ।
3. ਆਪਣੇ ਸਕੂਲ ਲਈ ਕੋਡ ਦਾਖਲ ਕਰੋ।
   **Winstanley School** ਲਈ ਇਹ **LE143844** ਹੈ
4. ਆਪਣੇ ਬੱਚੇ ਦੇ ਵੇਰਵੇ ਦਾਖਲ ਕਰੋ
5. 'SUBMIT' (ਜਮ੍ਹਾਂ ਕਰੋ) ਦਬਾਓ

*ਜਾਂ ਤੁਸੀਂ ਇਸ QR ਕੋਡ ਨੂੰ ਸਕੈਨ ਕਰ ਸਕਦੇ ਹੋ*

ਮੁੱਖ ਸੁਝਾਅ:

- ਯਕੀਨੀ ਬਣਾਓ ਕਿ ਜੋ ਈਮੇਲ ਪਤੇ ਤੁਸੀਂ ਦਾਖਲ ਕਰਦੇ ਹੋ ਉਹ ਪੂਰੀ ਤਰ੍ਹਾਂ ਮੇਲ ਖਾਂਦੇ ਹਨ।
- ਆਪਣਾ ਈਮੇਲ ਪਤਾ ਦਾਖਲ ਕਰਨ ਤੋਂ ਬਾਅਦ ਵਾਪਸ ਨਾ ਦਬਾਓ ਜਾਂ ਕੋਈ ਖਾਲੀ ਥਾਂ ਨਾ ਛੱਡੋ।
- ਸਕੂਲ ਕੋਡ ਦਾਖਲ ਕਰਨ ਤੋਂ ਬਾਅਦ ਵਾਪਸ ਨਾ ਦਬਾਓ ਜਾਂ ਕੋਈ ਖਾਲੀ ਥਾਂ ਨਾ ਛੱਡੋ।

ਕਿਰਪਾ ਕਰਕੇ ਧਿਆਨ ਦਿਓ:

- ਤੁਹਾਨੂੰ ਵੈਕਸੀਨ ਦੇਣ ਦੇ ਸੈਸ਼ਨ ਤੋਂ ਪਹਿਲਾਂ ਸਹਿਮਤੀ ਫਾਰਮ ਨੂੰ ਪੂਰੀ ਤਰ੍ਹਾਂ ਭਰਨ ਦੀ ਲੋੜ ਹੋਏਗੀ।
- ਤੁਹਾਨੂੰ ਤੁਹਾਡੇ ਸਕੂਲ ਦੁਆਰਾ ਵੈਕਸੀਨੇਸ਼ਨ ਦੀ ਤਾਰੀਖ ਬਾਰੇ ਸੂਚਿਤ ਕੀਤਾ ਜਾਵੇਗਾ।

- ਤੁਸੀਂ ਇਸ ਔਨਲਾਈਨ ਸਹਿਮਤੀ ਨੂੰ ਟੀਕਾਕਰਨ ਸੈਸ਼ਨ ਦੇ 1 ਕਾਰਜਕਾਰੀ ਦਿਨ ਦੇ ਅੰਦਰ ਪੂਰਾ ਨਹੀਂ ਕਰ ਸਕੋਗੇ।
- ਜੇਕਰ ਤੁਹਾਨੂੰ ਔਨਲਾਈਨ ਫਾਰਮ ਭਰਨ ਵਿੱਚ ਮਦਦ ਦੀ ਲੋੜ ਹੈ ਜਾਂ ਤੁਸੀਂ ਆਪਣੇ ਬੱਚੇ ਦੀ ਡਾਕਟਰੀ ਸਥਿਤੀ ਵਿੱਚ ਤਬਦੀਲੀਆਂ ਬਾਰੇ ਕਿਸੇ ਨਾਲ ਗੱਲ ਕਰਨਾ ਚਾਹੋਗੇ, ਤਾਂ ਕਿਰਪਾ ਕਰਕੇ ਟੈਲੀਫੋਨ ਕਰੋ: 0300 300 0007.

**ਤੁਹਾਡੇ ਬੱਚੇ ਦੁਆਰਾ ਸਕੂਲ ਤੋਂ ਬਾਹਰ ਟੀਕਾਕਰਨ ਪ੍ਰਾਪਤ ਕਰਨ ਲਈ:**

ਜੇਕਰ ਤੁਸੀਂ ਉਸ ਵੇਲੇ ਆਪਣੇ ਬੱਚੇ ਦੇ ਨਾਲ ਰਹਿਣਾ ਚਾਹੁੰਦੇ ਹੋ ਜਦੋਂ ਉਸ ਨੂੰ ਟੀਕਾ ਲਗਾਇਆ ਜਾਂਦਾ ਹੈ, ਤਾਂ ਤੁਸੀਂ ਲੈਸਟਰ, ਲੈਸਟਰਸ਼ਾਇਰ ਅਤੇ ਰਟਲੈਂਡ ਵਿੱਚ ਖੁੱਲ੍ਹੇ ਕਿਸੇ ਵੀ ਵਾਕ-ਇਨ ਵੈਕਸੀਨੇਸ਼ਨ ਕਲੀਨਿਕ ਵਿੱਚ ਉਹਨਾਂ ਦੇ ਨਾਲ ਜਾ ਸਕਦੇ ਹੋ।

ਕਲੀਨਿਕਾਂ ਬਾਰੇ ਹੋਰ ਜਾਣਕਾਰੀ ਲਈ ਅਤੇ ਆਪਣੇ ਨਜ਼ਦੀਕੀ ਵਾਕ-ਇਨ ਸੈਂਟਰ ਨੂੰ ਲੱਭਣ ਲਈ ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: www.leicestercityccg.nhs.uk/my-health/coronavirus-advice/coronavirus-vaccine

**ਸਕੂਲ ਵਿੱਚ ਟੀਕਾਕਰਨ**

ਤੁਹਾਡੇ ਬੱਚੇ ਨੂੰ ਸਕੂਲ ਵਿੱਚ ਇੱਕ ਟੀਕਾਕਰਨ ਸੈਸ਼ਨ ਲਈ ਸੱਦਾ ਦਿੱਤਾ ਜਾਵੇਗਾ। ਇਹ ਟੀਕਾਕਰਨ ਮੁਫ਼ਤ ਹੈ ਅਤੇ ਸਿਰਫ ਤੁਹਾਡੀ ਸਹਿਮਤੀ ਨਾਲ ਦਿੱਤਾ ਜਾਂਦਾ ਹੈ।

COVID-19 ਦਾ ਟੀਕਾ ਉਪਰਲੀ ਬਾਂਹ ਵਿੱਚ ਲਗਾਇਆ ਜਾਂਦਾ ਹੈ। ਟੀਕੇ ਸੁਰੱਖਿਆ ਪ੍ਰਦਾਨ ਕਰਦੇ ਹਨ ਅਤੇ ਵਾਇਰਸ ਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਕਰਦੇ ਹਨ। ਤੁਹਾਡੇ ਬੱਚੇ ਦੇ ਸਰੀਰ ਨੂੰ ਵਾਇਰਸ ਤੋਂ ਕੁਝ ਸੁਰੱਖਿਆ ਬਣਾਉਣ ਵਿੱਚ ਕੁਝ ਹਫ਼ਤੇ ਲੱਗ ਸਕਦੇ ਹਨ।

ਟੀਕਾਕਰਨ ਬਾਰੇ ਮਰੀਜ਼ ਜਾਣਕਾਰੀ ਪਰਚਾ ਪੜ੍ਹਨ ਲਈ ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: http://tiny.cc/covid19forCYP

ਜੇਕਰ ਤੁਹਾਡਾ ਬੱਚਾ ਟੀਕਾਕਰਨ ਵਾਲੇ ਦਿਨ ਗੈਰਹਾਜ਼ਰ ਰਹਿੰਦਾ ਹੈ, ਤਾਂ ਦੂਜੀ ਤਾਰੀਖ ਦਿੱਤੀ ਜਾਵੇਗੀ, ਜਾਂ ਤੁਸੀਂ ਆਪਣੇ ਬੱਚੇ ਨੂੰ ਸਕੂਲ ਤੋਂ ਬਾਹਰ ਸਥਾਨਕ ਵਾਕ-ਇਨ ਵੈਕਸੀਨੇਸ਼ਨ ਕਲੀਨਿਕ ਵਿੱਚ ਲਿਜਾ ਸਕਦੇ ਹੋ।

ਜੇਕਰ ਤੁਹਾਡੇ ਨਾਲ ਰਹਿਣ ਵਾਲੇ ਕਿਸੇ ਵਿਅਕਤੀ ਵਿੱਚ COVID-19 ਦੇ ਲੱਛਣ ਹਨ ਜਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਨਾਲ ਰਹਿ ਰਹੇ ਹੋ ਜੋ ਖੁਦ ਨੂੰ ਅਲੱਗ ਰੱਖ ਰਿਹਾ ਹੈ, ਤਾਂ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਆਪਣੀ ਟੀਕਾਕਰਨ ਅਪਾਇੰਟਮੈਂਟ ਵਿੱਚ ਨਹੀਂ ਜਾਣਾ ਚਾਹੀਦਾ ਅਤੇ ਇੱਕ ਨਵੀਂ ਟੀਕਾਕਰਨ ਮਿਤੀ ਦਿੱਤੀ ਜਾਵੇਗੀ।

ਲੱਛਣ ਹਨ:

- ਉੱਚ ਤਾਪ – ਛਾਤੀ ਜਾਂ ਪਿੱਠ ਨੂੰ ਛੂਹਣ 'ਤੇ ਗਰਮ ਮਹਿਸੂਸ ਕਰਦੇ ਹਨ
- ਨਵੀਂ ਖੰਘ – ਇਸਦਾ ਅਰਥ ਹੈ ਕਿ ਤੁਸੀਂ ਵਾਰ-ਵਾਰ ਖੰਘਣਾ ਸ਼ੁਰੂ ਕਰ ਦਿੱਤਾ ਹੈ।
- ਸੁੰਘਣ ਜਾਂ ਸੁਆਦ ਮਹਿਸੂਸ ਕਰਨ ਵਿੱਚ ਤਬਦੀਲੀ, ਜਾਂ ਇਸਦਾ ਖਤਮ ਹੋ ਜਾਣਾ

ਵਧੇਰੇ ਜਾਣਕਾਰੀ ਲਈ ਅਤੇ ਵੈਕਸੀਨ ਬਾਰੇ ਹੋਰ ਵਿਆਖਿਆ ਕਰਨ ਵਾਲਾ ਸਾਡਾ ਵੀਡੀਓ ਦੇਖਣ ਲਈ ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: www.healthforteens.co.uk/health/coronavirus/covid-19-vaccination-information

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਜਾਂ ਤੁਹਾਨੂੰ ਸਹਿਮਤੀ ਦੇਣ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਟੈਲੀਫੋਨ ਕਰੋ: 0300 300 0007, ਜਾਂ ਈਮੇਲ ਦੁਆਰਾ: communityimmunisations.service@nhs.net

ਤੁਹਾਡੇ ਵਿਸ਼ਵਾਸਪਾਤਰ,


ਡਾਕਟਰ ਟਿਮ ਡੇਵਿਸ (Tim Davis)
**ਸਕ੍ਰੀਨਿੰਗ ਅਤੇ ਟੀਕਾਕਰਨ ਲਈ ਮੁਖ ਸਲਾਹਕਾਰ**

**NHS ਇੰਗਲੈਂਡ ਅਤੇ NHS ਇਮਪਰੂਵਮੈਂਟ - ਮਿਡਲੈਂਡਸ**

ਸੁਜ਼ਾਨ ਲੇਦਰਲੈਂਡ (Suzanne Leatherland)
ਬੱਚਿਆਂ ਦੇ COVID-19 ਪ੍ਰੋਗਰਾਮ ਲਈ ਕਲੀਨਿਕਲ ਮੁਖੀ

**ਲੈਸਟਰਸ਼ਾਇਰ ਪਾਰਟਨਰਸ਼ਿਪ NHS ਟ੍ਰਸਟ**


**ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ**
**www.leicspart.nhs.uk/communityimms**

| | |
|---|---|
| ਅਰਬੀ | بزيارة موقعنا على الإنترنت إذا كنت ترغب في قراءة هذه الرسالة بلغة أخرى، قم |
| ਗੁਜਰਾਤੀ | જો તમે આ પત્ર ગુજરાતીમાં વાંચવા માંગતા હો તો અમારી વેબસાઇટ પર જાઓ |
| ਪੋਲਿਸ਼ | Jeśli chcesz przeczytać ten list w innym języku, przejdź na naszą stronę. |
| ਪੰਜਾਬੀ | ਜੇ ਤੁਸੀਂ ਇਸ ਪੱਤਰ ਨੂੰ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਨਾ ਚਾਹੁੰਦੇ ਹੋ ਤਾਂ ਸਾਡੀ ਵੈੱਬਸਾਈਟ 'ਤੇ ਜਾਓ |
| ਸੋਮਾਲੀ | Haddii aad jeclaan lahayd inaad ku akhrido warqadan luuqad kale, booqo boggayaga internetka |
| ਉਰਦੂ | اگر آپ اردو میں یہ خط پڑھنا چاہتے ہیں تو ہماری ویب سائٹ پر جائیں |

ਹੋਰ ਭਾਸ਼ਾਵਾਂ ਲਈ: www.nhs.uk/accessibility/health-information-in-other-languages

**ਆਨਲਾਈਨ ਸਹਿਮਤੀ ਫਾਰਮ ਭਰਨ ਬਾਰੇ ਨੋਟ**

ਇਸ ਵੈੱਬਸਾਈਟ 'ਤੇ ਜਾਓ: www.leicsandrutlandimms.co.uk

ਇਸਦੇ ਨਾਲ ਦਿੱਤੇ "ਇੱਥੇ ਕਲਿੱਕ ਕਰੋ" ਬਟਨ 'ਤੇ ਕਲਿੱਕ ਕਰਕੇ COVID-19 ਨੂੰ ਚੁਣੋ।

ਆਪਣਾ ਈਮੇਲ ਪਤਾ ਦਾਖ਼ਲ ਕਰੋ ਅਤੇ ਉਸਦੀ ਪੁਸ਼ਟੀ ਕਰੋ

ਆਪਣਾ ਸਕੂਲ ਕੋਡ ਦਾਖਲ ਕਰੋ: LE143844 ਅਤੇ "Find school" (ਸਕੂਲ ਲੱਭੋ) 'ਤੇ ਕਲਿੱਕ ਕਰੋ। ਤੁਹਾਡਾ ਸਕੂਲ ਦਾ ਨਾਮ ਦਿਖਾਈ ਦੇਣਾ ਚਾਹੀਦਾ ਹੈ।

ਇਹ ਔਨਲਾਈਨ ਸਿਸਟਮ ਟੀਕਾਕਰਨ ਦੀ ਮਿਤੀ ਤੋਂ 1 ਕੰਮਕਾਜੀ ਦਿਨ ਪਹਿਲਾਂ ਬੰਦ ਹੋ ਜਾਂਦਾ ਹੈ। ਤੁਹਾਨੂੰ ਸੈਸ਼ਨ ਤੋਂ ਬਾਅਦ ਦੁਬਾਰਾ ਕੋਸ਼ਿਸ਼ ਕਰਨ ਲਈ ਕਹਿੰਦਾ ਹੋਇਆ ਇੱਕ ਸੁਨੇਹਾ ਪ੍ਰਗਟ ਹੋਵੇਗਾ ਅਤੇ ਤੁਹਾਨੂੰ ਵੈਕਸੀਨਸ਼ਨ ਲਈ ਕੋਈ ਵੱਖਰੀ ਮਿਤੀ ਪੇਸ਼ ਕਰੇਗਾ।

***ਮੁੱਖ ਸੁਝਾਅ:***

- ਸਾਡੇ ਹੋਮ ਪੇਜ ਨੂੰ ਲੱਭਣ ਲਈ ਤੁਸੀਂ ਆਨਲਾਈਨ "Leicester imms" ਵੀ ਖੋਜ ਸਕਦੇ ਹੋ

- ਯਕੀਨੀ ਬਣਾਓ ਕਿ ਈਮੇਲ ਪਤੇ ਮੇਲ ਖਾਂਦੇ ਹਨ।
- ਈਮੇਲ ਪਤੇ ਅਤੇ ਸਕੂਲ ਕੋਡ ਤੋਂ ਪਹਿਲਾਂ ਜਾਂ ਬਾਅਦ ਵਿੱਚ ਖਾਲੀ ਥਾਂ ਜਾਂ ਵਿਰਾਮ ਚਿੰਨ੍ਹ ਨਾ ਪਾਓ।

**ਭਾਗ 1: ਮਰੀਜ਼ ਦੀ ਜਾਣਕਾਰੀ ਅਤੇ ਸੰਪਰਕ ਵੇਰਵੇ**

**ਭਾਗ 2: ਮੈਡੀਕਲ ਪਿਛੋਕੜ**

ਮੈਡੀਕਲ ਅਤੇ ਟੀਕਾਕਰਨ ਦੇ ਇਤਿਹਾਸ ਬਾਰੇ ਸਵਾਲਾਂ ਨੂੰ ਪੂਰਾ ਕਰੋ।

**ਭਾਗ 3: ਸਹਿਮਤੀ ਘੋਸ਼ਣਾ**

COVID-19 ਵੈਕਸੀਨਸ਼ਨ ਦੇ ਪੂਰੇ ਕੋਰਸ ਲਈ ਸਹਿਮਤੀ ਦੇਣ ਵਾਸਤੇ ਇਸਨੂੰ ਪੂਰਾ ਕਰੋ।

**ਕਿਰਪਾ ਕਰਕੇ ਧਿਆਨ ਦਿਓ: ਵੱਡਾ ਬੱਚਾ ਤੁਹਾਡੀ ਸਹਿਮਤੀ ਦੇ ਬਿਨਾਂ ਇਸ ਟੀਕਾਕਰਨ ਲਈ ਆਪਣੇ ਖੁਦ ਲਈ ਸਹਿਮਤੀ ਦੇ ਸਕਦਾ ਹੈ ਅਤੇ ਸਿਹਤ ਪੇਸ਼ੇਵਰ ਇੱਕ ਸੂਚਿਤ ਫੈਸਲਾ ਲੈਣ ਦੀ ਉਹਨਾਂ ਦੀ ਯੋਗਤਾ ਦਾ ਮੁਲਾਂਕਣ ਕਰਨਗੇ।**

**ਜਾਣਕਾਰੀ ਨੂੰ ਸਾਂਝਾ ਕਰਨਾ**: ਸਕੂਲ ਵਿਖੇ ਵੈਕਸੀਨਸ਼ਨ ਤੋਂ ਬਾਅਦ, ਇੱਕ ਨੋਟੀਫਿਕੇਸ਼ਨ ਦਿੱਤਾ ਜਾਵੇਗਾ ਅਤੇ ਜਾਣਕਾਰੀ ਕਿਸ਼ੋਰ ਦੇ NHS ਸਿਹਤ ਰਿਕਾਰਡਾਂ ਵਿੱਚ ਜੋੜ ਦਿੱਤੀ ਜਾਏਗੀ।